# ਖੇਡ ਵਿਭਾਗ

**ਸਪੋਰਟਸ ਵਿਭਾਗ ਦੀ ਮੁੱਢਲੀ ਬਣਤਰ ਅਤੇ ਕੰਮ ਕਾਜ ਬਾਰੇ :-**

ਇਹ ਦਫ਼ਤਰ ਲਾਜਵੰਤੀ ਟੂਰਿਸਟ ਕੰਪਲੈਕਸ ਦੇ ਪਿਛਲੇ ਪਾਸੇ ਨਜ਼ਦੀਕ ਟਾਂਡਾ ਬਾਈਪਾਸ ਵਿਖੇ ਸਥਿਤ ਹੈ।

1. ਜ਼ਿਲ੍ਹੇ ਵਿੱਚ ਜ਼ਿਲ੍ਹਾ ਸਪੋਰਟਸ ਅਫ਼ਸਰ ਇਸ ਦਾ ਮੁੱਖੀ ਹੈ, ਜੋ ਡਾਇਰੈਕਟਰ ਸਪੋਰਟਸ ਪੰਜਾਬ ਅਤੇ ਡਿਪਟੀ ਡਾਇਰੈਕਟਰ, ਸਪੋਰਟਸ ਪੰਜਾਬ ਦੀ ਰਹਿਨੁਮਾਈ ਹੇਠ ਕੰਮ ਕਰਦਾ ਹੈ। ਦਫ਼ਤਰ ਵਿੱਚ ਦਫ਼ਤਰੀ ਕੰਮ ਲੇਖਾਕਾਰ, ਸਟੈਨੋ ਅਤੇ ਕਲੱਰਕ ਕਰਦੇ ਹਨ। ਵੱਖ-ਵੱਖ ਖੇਡਾਂ ਦੇ ਕੋਚ ਹੁਸ਼ਿਆਰਪੁਰ ਹੈਡਕੁਆਟਰ, ਕੋਚਿੰਗ ਸਬ ਸੈਂਟਰ ਟਾਂਡਾ, ਦਸੂਹਾ, ਗੜ੍ਹਦੀਵਾਲਾ ਅਤੇ ਮਾਹਿਲਪੁਰ ਵਿਖੇ ਵੱਖ-ਵੱਖ ਖੇਡਾਂ ਦੀ ਟਰੇਨਿੰਗ ਸਵੇਰੇ ਸ਼ਾਮ ਕਾਲਜਾਂ/ਸਕੂਲਾਂ/ਆਊਟ ਡੋਰ ਸਟੇਡੀਅਮ/ਇੰਡੋਰ ਸਟੇਡੀਅਮ ਵਿਖੇ ਦਿੰਦੇ ਹਨ। ਇਨ੍ਹਾਂ ਕੋਲੋਂ ਵਿਦਿਆਰਥੀ ਅਤੇ ਗੈਰ ਵਿਦਿਆਰਥੀ ਵੀ ਟਰੇਨਿੰਗ ਲੈਂਦੇ ਹਨ।

**ਖੇਡਾਂ ਦੇ ਵੇਰਵੇ**

| | |
|---|---|
| **ਜ਼ਿਲ੍ਹਾ ਹੁਸ਼ਿਆਰਪੁਰ ਹੈਡਕੁਆਟਰ** | |
| ਅਥਲੈਟਿਕ | ਆਊਟ ਡੋਰ ਸਟੇਡੀਅਮ |
| ਕ੍ਰਿਕਟ | ਆਊਟ ਡੋਰ ਸਟੇਡੀਅਮ |
| ਵਾਲੀਬਾਲ | ਆਊਟ ਡੋਰ ਸਟੇਡੀਅਮ |
| ਬਾਸਕਟਬਾਲ | ਆਊਟ ਡੋਰ ਸਟੇਡੀਅਮ |
| ਫੁੱਟਬਾਲ | ਡੀ.ਏ.ਵੀ. ਕਾਲਜ, ਹੁਸ਼ਿਆਰਪੁਰ |
| ਰੈਸਲਿੰਗ | ਇੰਡੋਰ ਸਟੇਡੀਅਮ |
| ਜੂਡੋ | ਇੰਡੋਰ ਸਟੇਡੀਅਮ |
| ਬੈਡਮਿੰਟਨ | ਇੰਡੋਰ ਸਟੇਡੀਅਮ |
| ਬੌਕਸਿੰਗ | ਇੰਡੋਰ ਸਟੇਡੀਅਮ |
| ਸਵਿਮਿੰਗ | ਡੀ.ਓ.ਏ. ਤੈਰਾਕੀ ਪੂਲ |
| ਖੋ-ਖੋ ਲੜਕੀਆਂ | ਸ.ਗ.ਸ.ਸ., ਰੇਲਵੇ ਮੰਡੀ |
| ਖੋ-ਖੋ ਲੜਕੇ | ਸ.ਸ.ਸ., ਪਿੱਪਲਾਂਵਾਲਾ |
| **ਕੋਚਿੰਗ ਸਬ ਸੈਂਟਰ, ਟਾਂਡਾ** | |
| ਹਾਕੀ | ਸ.ਸ.ਸ. ਸਕੂਲ, ਟਾਂਡਾ |
| **ਕੋਚਿੰਗ ਸਬ ਸੈਂਟਰ, ਦਸੂਹਾ** | |
| ਰੈਸਲਿੰਗ | ਡੀ.ਏ.ਵੀ. ਸੀ.ਸੈ. ਸਕੂਲ, ਦਸੂਹਾ |
| ਫੁੱਟਬਾਲ | ਖੇਡ ਸਟੇਡੀਅਮ, ਦਸੂਹਾ |
| **ਕੋਚਿੰਗ ਸਬ ਸੈਂਟਰ, ਗੜ੍ਹਦੀਵਾਲਾ** | |
| ਅਥਲੈਟਿਕ | ਖਾਲਸਾ ਸੀ.ਸੈ. ਸਕੂਲ, ਗੜ੍ਹਦੀਵਾਲਾ |

**ਕੋਚਿੰਗ ਸਬ ਸੈਂਟਰ, ਚੱਬੇਵਾਲ**

ਖੇਡ ਵਿਭਾਗ ਪੰਜਾਬ ਵੱਲੋਂ 25 ਲੱਖ ਰੁਪਏ ਦੀ ਗਰਾਂਟ ਨਾਲ ਜਿਮਨੇਜ਼ੀਅਮ ਹਾਲ ਅਤੇ ਫੁੱਟਬਾਲ ਗਰਾਊਂਡ 400 ਮੀਟਰ ਦਾ ਟਰੈਕ ਬਣਾਇਆ ਗਿਆ ਹੈ, ਜਿੱਥੇ ਕਿ ਫੁੱਟਬਾਲ ਅਕੈਡਮੀ ਐਨ.ਆਰ.ਆਈਜ਼ ਦੇ ਸਹਿਯੋਗ ਨਾਲ ਅੰਡਰ 19 ਲੜਕਿਆਂ ਦੀ ਚਲ ਰਹੀ ਹੈ।

**ਕੋਚਿੰਗ ਸਬ ਸੈਂਟਰ, ਮਾਹਿਲਪੁਰ**

ਖੇਡ ਵਿਭਾਗ ਪੰਜਾਬ ਵੱਲੋਂ ਫੁੱਟਬਾਲ ਅਕੈਡਮੀ, ਮਾਹਿਲਪੁਰ ਵਿਖੇ ਚਲਾਈ ਜਾ ਰਹੀ ਹੈ, ਜਿਸ ਵਿੱਚ 60 ਖਿਡਾਰੀ ਵੱਖ-ਵੱਖ ਅੰਡਰ 14, ਅੰਡਰ 17 ਅਤੇ ਅੰਡਰ 19 ਏਜ਼ ਗਰੁੱਪ ਵਿੱਚ ਦਾਖਲ ਕੀਤੇ ਜਾਂਦੇ ਹਨ। ਸਰਕਾਰ ਵੱਲੋਂ 50 ਰੁਪਏ ਪ੍ਰਤੀ ਖਿਡਾਰੀ ਪ੍ਰਤੀ ਦਿਨ ਖੁਰਾਕ ਦਿੱਤੀ ਜਾਂਦੀ ਹੈ। ਖਿਡਾਰੀਆਂ ਨੂੰ ਮੁਫ਼ਤ ਸਿੱਖਿਆ ਦਿੱਤੀ ਜਾਂਦੀ ਹੈ।

ਸਪੋਰਟਸ ਵਿਭਾਗ ਦਾ ਟੀਚਾ ਹੈ ਕਿ ਖਿਡਾਰੀਆਂ ਨੂੰ ਵਧੀਆ ਤੋਂ ਵਧੀਆ ਟਰੇਨਿੰਗ ਦੇ ਕੇ ਨੈਸ਼ਨਲ, ਇੰਟਰ ਨੈਸ਼ਨਲ ਪੱਧਰ ਤੱਕ ਪਹੁੰਚਾਉਣਾ ਹੈ। ਸਪੋਰਟਸ ਵਿਭਾਗ ਵੱਖ-ਵੱਖ ਖੇਡਾਂ ਦਾ ਸਮਾਨ ਮੁਫ਼ਤ ਮੁਹੱਈਆ ਕਰਵਾਉਂਦਾ ਹੈ। ਇਸ ਮੰਤਵ ਲਈ ਜ਼ਿਲ੍ਹਾ ਪੱਧਰ ਤੇ ਟੂਰਨਾਮੈਂਟ ਸਪੋਰਟਸ ਵਿਭਾਗ ਅਤੇ ਸਪੋਰਟਸ ਐਸੋਸੀਏਸ਼ਨ ਵੱਲੋਂ ਮਿਲ ਕੇ ਹਰ ਸਾਲ ਜ਼ਿਲ੍ਹਾ ਪੱਧਰ ਤੇ ਕਰਵਾਏ ਜਾਂਦੇ ਹਨ। ਜ਼ਿਲ੍ਹੇ ਦੀਆਂ ਵੱਖ-ਵੱਖ ਖੇਡਾਂ ਦੀਆਂ ਚੁਣੀਆਂ ਹੋਈਆਂ ਟੀਮਾਂ ਰਾਜ ਪੱਧਰ ਦੇ ਟੂਰਨਾਮੈਂਟ ਵਿੱਚ ਭਾਗ ਲੈਂਦੀਆਂ ਹਨ ਅਤੇ ਜਿੱਤਾਂ ਪ੍ਰਾਪਤ ਕਰਕੇ ਜ਼ਿਲ੍ਹੇ ਦਾ ਨਾਮ ਰੌਸ਼ਨ ਕਰਦੀਆਂ ਹਨ।

ਪੇਂਡੂ ਅਤੇ ਸਿੱਖਿਆ ਵਿਭਾਗ ਦੇ ਟੂਰਨਾਮੈਂਟਾਂ ਵਿੱਚ ਇਸ ਵਿਭਾਗ ਦੇ ਕੋਚਿਜ਼ ਟੈਕਨੀਕਲ ਸਹਾਇਤਾ ਦਿੰਦੇ ਹਨ। ਇਸ ਜ਼ਿਲ੍ਹੇ ਨੇ ਬਹੁਤ ਸਾਰੇ ਖਿਡਾਰੀ ਨੈਸ਼ਨਲ ਅਤੇ ਇੰਟਰ ਨੈਸ਼ਨਲ ਪੱਧਰ ਤੇ ਪੈਦਾ ਕੀਤੇ ਹਨ, ਜੋ ਕਿਸੇ ਸਮੇਂ ਇੱਥੋਂ ਦੇ ਕੋਚਿੰਗ ਸੈਂਟਰਾਂ ਤੋਂ ਟਰੇਨਿੰਗ ਲੈਂਦੇ ਰਹੇ ਹਨ।

**ਸਪੋਰਟਸ ਗਰੇਡੇਸ਼ਨ**

ਜ਼ਿਲ੍ਹਾ ਸਪੋਰਟਸ ਅਫ਼ਸਰ ਜ਼ਿਲ੍ਹੇ ਦੇ ਖਿਡਾਰੀਆਂ ਦੀਆਂ ਪ੍ਰਾਪਤੀਆਂ ਦੇ ਅਧਾਰ ਤੇ ਸਪੋਰਟਸ ਗਰੇਡੇਸ਼ਨ ਕੇਸ ਡਾਇਰੈਕਟਰ ਸਪੋਰਟਸ ਪੰਜਾਬ ਨੂੰ ਭੇਜਦੇ ਹਨ। ਇਸ ਦਰਜੇ ਦੇ ਅਧਾਰ ਤੇ ਖਿਡਾਰੀਆਂ ਨੂੰ ਕਿੱਤਾ ਮੁੱਖੀ ਸੰਸਥਾਵਾਂ ਵਿੱਚ ਦਾਖਲਾ ਮਿਲਦਾ ਹੈ ਅਤੇ ਖਿਡਾਰੀਆਂ ਲਈ ਨੌਕਰੀਆਂ ਵੀ ਰਾਖਵੀਆਂ ਹੁੰਦੀਆਂ ਹਨ।

**ਸਪੋਰਟਸ ਸਕਾਲਰਸ਼ਿਪ**

ਖੇਡ ਵਿਭਾਗ ਵੱਲੋਂ ਪੰਜਾਬ ਸਟੇਟ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਨੰਬਰ ਤੇ ਆਉਣ ਵਾਲੇ ਅਤੇ ਨੈਸ਼ਨਲ, ਜੂਨੀਅਰ ਨੈਸ਼ਨਲ ਅਤੇ ਸਬ ਜੂਨੀਅਰ ਨੈਸ਼ਨਲ, ਆਲ ਇੰਡੀਆ ਇੰਟਰ ਯੂਨੀਵਰਸਿਟੀ ਵਿਚੋਂ ਪਹਿਲੇ, ਦੂਜੇ ਅਤੇ ਤੀਜੇ ਨੰਬਰ ਤੇ ਆਉਣ ਵਾਲੇ ਖਿਡਾਰੀਆਂ ਨੂੰ ਵਜ਼ੀਫੇ ਦਿੱਤੇ ਜਾਂਦੇ ਹਨ।

**ਸਪੋਰਟਸ ਕੰਪਲੈਕਸ**

ਪੰਜਾਬ ਖੇਡ ਵਿਭਾਗ ਜ਼ਿਲ੍ਹੇ ਦੇ ਪੇਂਡੂ ਸਕੂਲਾਂ ਨੂੰ ਖੇਡਾਂ ਦੇ ਮੈਦਾਨ ਬਨਾਉਣ ਲਈ ਖੇਡਾਂ ਦਾ ਸਮਾਨ ਅਤੇ ਗਰਾਂਟ ਦਿੰਦਾ ਹੈ। ਇਹ ਗਰਾਂਟ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਵੱਲੋਂ ਦਿੱਤੀਆਂ ਗਈਆਂ ਵੱਖ-ਵੱਖ ਰਿਆਇਤਾਂ ਮੁਤਾਬਿਕ ਮਿਲਦੀ ਹੈ।

ਇਸ ਤੋਂ ਇਲਾਵਾ ਹੁਸ਼ਿਆਰਪੁਰ ਵਿਖੇ ਇੰਡੋਰ ਸਟੇਡੀਅਮ ਅਤੇ ਆਊਟਡੋਰ ਸਟੇਡੀਅਮ ਪੰਜਾਬ ਸਪੋਰਟਸ ਵਿਭਾਗ ਵੱਲੋਂ ਬਣਵਾਇਆ ਗਿਆ ਹੈ। ਜਿੱਥੇ ਵੱਖ-ਵੱਖ ਖੇਡਾਂ ਦੇ ਕੋਚਿੰਗ ਸੈਂਟਰ ਚਲਦੇ ਹਨ। ਚੱਬੇਵਾਲ ਵਿਖੇ ਬਲਾਕ ਪੱਧਰ ਦਾ 25 ਲੱਖ ਰੁਪਏ ਦੀ ਗਰਾਂਟ ਨਾਲ ਜਿਮਨੇਜ਼ੀਅਮ ਹਾਲ ਖੇਡ ਵਿਭਾਗ ਵੱਲੋਂ ਬਣਾਇਆ ਗਿਆ ਹੈ। ਜਿਸ ਵਿੱਚ ਫੁੱਟਬਾਲ ਦੀ ਗਰਾਊਂਡ ਅਤੇ 400 ਮੀਟਰ ਦਾ 6 ਲੇਨ ਦਾ ਟਰੈਕ ਵੀ ਬਣਵਾਇਆ ਗਿਆ ਹੈ।